# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ    ਪੰਚ-ਪ੍ਰਧਾਨੀ ਜੁਗਤਿ

੧੯ ਦਸੰਬਰ ੨੦੨੫

ਸਤਿਕਾਰਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਜੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਵਿਸ਼ਾ: **ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ੨੬ ਜੁਲਾਈ ੨੦੨੫ ਨੂੰ ਭੇਜੀ ਚਿੱਠੀ ਬਾਰੇ ਦੂਜੀ ਯਾਦ ਦਿਹਾਨੀ।**

ਸਤਿਕਾਰਯੋਗ ਪ੍ਰਧਾਨ ਜੀ,

ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਤੁਹਾਨੂੰ **੨੬ ਜੁਲਾਈ ੨੦੨੫** ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਵਿੱਚ ਆਏ ਪਾਠ-ਭੇਦਾਂ ਦੀ ਸੁਧਾਈ ਸਬੰਧੀ ਇਕ ਵਿਸਥਾਰਪੂਰਣ ਅਤੇ ਗੰਭੀਰ ਚਿੱਠੀ ਭੇਜੀ ਗਈ ਸੀ (ਦੋਬਾਰਾ ਨਾਲ ਨੱਥੀ ਕਰ ਰਹੇ ਹਾਂ)। ਯਾਦ ਦਹਾਨੀ ਲਈ **੨੬ ਸਤੰਬਰ ੨੦੨੫** ਨੂੰ ਵੀ ਚਿੱਠੀ ਭੇਜੀ ਸੀ।

ਇਹ ਬਹੁਤ ਹੀ ਚਿੰਤਾਜਨਕ ਗੱਲ ਹੈ ਕਿ ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾ ਤਾਂ ਕਿਸੇ ਪ੍ਰਕਾਰ ਦਾ ਲਿਖਤੀ ਜਵਾਬ ਦਿੱਤਾ ਗਿਆ ਹੈ ਅਤੇ ਨਾ ਹੀ ਕੋਈ ਸਪਸ਼ਟ ਸਥਿਤੀ ਕੌਮ ਦੇ ਸਾਹਮਣੇ ਰੱਖੀ ਗਈ ਹੈ। ਇਹ ਚੁੱਪੀ ਨਾ ਕੇਵਲ ਪੰਥਕ ਸੰਸਥਾ ਦੀ ਜ਼ਿੰਮੇਵਾਰੀ ਉੱਤੇ ਸਵਾਲ ਖੜੇ ਕਰਦੀ ਹੈ, ਸਗੋਂ ਸੰਗਤਾਂ ਵਿੱਚ ਵੱਧ ਰਹੀ ਬੇਚੈਨੀ ਅਤੇ ਅਵਿਸ਼ਵਾਸ ਨੂੰ ਵੀ ਹੋਰ ਗਹਿਰਾ ਕਰ ਰਹੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਛਾਪੇ ਨਾਲ ਜੁੜੇ ਪਾਠ-ਭੇਦ ਕੋਈ ਸਧਾਰਣ ਪ੍ਰਸ਼ਾਸਕੀ ਮਸਲਾ ਨਹੀਂ, ਸਗੋਂ ਇਹ ਪੂਰੀ ਸਿੱਖ ਕੌਮ ਦੀ ਆਸਥਾ, ਇਤਿਹਾਸ ਅਤੇ ਭਵਿੱਖ ਨਾਲ ਸੰਬੰਧਤ ਅਤਿ ਸੰਵੇਦਨਸ਼ੀਲ ਵਿਸ਼ਾ ਹੈ। ਬੀੜਾਂ ਵਿੱਚ ਆਏ ਅੰਤਰ, ਕਮੇਟੀਆਂ ਦੀਆਂ ਰਿਪੋਰਟਾਂ ਵਿੱਚ ਦਰਜ "ਬਾਰ-ਬਾਰ ਅਤੇ ਗੁਪਤੋ-ਗੁਪਤੀ" ਤਬਦੀਲੀਆਂ ਨੂੰ ਦੇਖਦੇ ਹੋਏ SGPC ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਮਸਲੇ ਨੂੰ ਤੁਰੰਤ ਅਤੇ ਪਾਰਦਰਸ਼ੀ ਤਰੀਕੇ ਨਾਲ ਹੱਲ ਕਰੇ। ਇਸ ਲਈ, ਕੌਮ ਇਹ ਉਮੀਦ ਨਹੀਂ, ਸਗੋਂ ਹੱਕ ਰੱਖਦੀ ਹੈ ਕਿ SGPC ਤੁਰੰਤ ਤੌਰ ‘ਤੇ:

- ਆਪਣੀ ਸਥਿਤੀ ਸਪਸ਼ਟ ਕਰੇ,
- ਪਾਠ-ਭੇਦਾਂ ਦੀ ਸੁਧਾਈ ਸਬੰਧੀ ਅੱਗੇ ਦੀ ਕਾਰਵਾਈ ਦਾ ਖਾਕਾ ਜਨਤਕ ਕਰੇ, ਅਤੇ
- ਪੂਰੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਕੌਮ ਦੇ ਸਾਹਮਣੇ ਲਿਆਵੇ।

ਇਸ ਰਾਹੀਂ ਤੁਹਾਨੂੰ ਸਪਸ਼ਟ ਤੌਰ ‘ਤੇ ਅਗਾਹ ਕੀਤਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੋਰ ਚੁੱਪੀ ਜਾਂ ਟਾਲਮਟੋਲ ਕਬੂਲ ਨਹੀਂ ਕੀਤਾ ਜਾਵੇਗਾ। SGPC ਵੱਲੋਂ ਕੋਈ ਜਵਾਬ ਅਤੇ ਕਾਰਵਾਈ ਨਾ ਕਰਨ ਦੇ ਹਾਲਾਤ ਵਿੱਚ ਸਰਬੱਤ ਖ਼ਾਲਸਾ ਜਥੇਬੰਦੀ ਵਿਦਵਾਨਾ ਦੀ ਨਿਗਰਾਨੀ ਵਿੱਚ ਇਸ ਜ਼ਰੂਰੀ ਕਾਰਜ ਨੂੰ ਆਪ ਸਿਰੇ ਚਾੜਣ ਦੇ ਯਤਨ ਕਰਨ ਲਈ ਆਜ਼ਾਦ ਹੋਵੇਗਾ।

ਅਸੀਂ ਉਮੀਦ ਕਰਦੇ ਹਾਂ ਕਿ ਇਸ ਯਾਦ ਦਿਹਾਨੀ ਨੂੰ ਗੰਭੀਰਤਾ ਨਾਲ ਲੈਂਦਿਆਂ, ਬਿਨਾ ਹੋਰ ਦੇਰੀ ਦੇ ਤੁਹਾਡਾ ਸਪਸ਼ਟ ਅਤੇ ਜਵਾਬਦੇਹ ਲਿਖਤੀ ਜਵਾਬ ਪ੍ਰਾਪਤ ਹੋਵੇਗਾ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)